**ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ**
**( S.S.S. Board, Punjab)**
**ਵਣ ਕੰਪਲੈਕਸ ਸੈਕਟਰ-68, ਅਜੀਤਗੜ੍ਹ (ਮੋਹਾਲੀ)**

**ਜਨਤਕ ਨਿਯੁਕਤੀਆਂ**

**ਇਸਤਿਹਾਰ ਨੰਬਰ: 3 ਆਫ 2013**

ਬਿਨੈਕਾਰ ਆਪਣੇ ਬਿਨੈਪੱਤਰ ਅਧੀਨ ਸੇਵਾਵਾਂ ਚੋਣ ਬੋਰਡ ਦੀ ਵੈੱਬਸਾਇਟ www.punjabsssb.gov.in ਤੇ Online ਮਿਤੀ 30/10/2013 ਤੋਂ 19/11/2013 ਤੱਕ ਸਾਮ 5:00 ਵਜੇ ਤੱਕ ਅਪਲਾਈ ਕਰ ਸਕਦੇ ਹਨ।

**ਆਸਾਮੀਆਂ ਦਾ ਵੇਰਵਾ**

1) **ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਲਈ**

**ਸੀਨੀਅਰ ਲੈਬੋਰਟਰੀ ਅਟੈਂਡੈਂਟ/ਲੈਬੋਰਟਰੀ ਅਟੈਂਡੈਂਟ** (504 ਆਸਾਮੀਆਂ):-**ਵਿਦਿਅਕ ਯੋਗਤਾ**: ਮਾਨਤਾ ਪ੍ਰਾਪਤ ਬੋਰਡ/ਸੰਸਥਾ ਤੋਂ ਮੈਟਰਿਕ ਸਾਇੰਸ ਵਿਸ਼ੇ ਨਾਲ ਸਮੇਤ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ। ਤਨਖਾਹ/ਪੇਅ ਬੈਂਡ:- 5910-20200+2400 ਗ੍ਰੇਡ ਪੇਅ/5910-20200+1900

2) **ਡਾਇਰੈਕਟਰ, ਸਿੱਖਿਆ ਵਿਭਾਗ**

ਲਾਇਬ੍ਰੇਰੀ ਰਿਸਟੋਰਰ (25 ਆਸਾਮੀਆਂ):- ਵਿਦਿਅਕ ਯੋਗਤਾ: ਮਾਨਤਾ ਪ੍ਰਾਪਤ ਬੋਰਡ/ਸੰਸਥਾ ਤੋਂ ਮੈਟਰਿਕ ਪੰਜਾਬੀ ਵਿਸੇ ਨਾਲ ਪਾਸ ਕੀਤੀ ਹੋਵੇ। ਤਨਖਾਹ/ਪੇਅ ਬੈਂਡ:-5910-20200+2400 ਗ੍ਰੇਡ ਪੇਅ

3) **ਵਣ ਵਿਭਾਗ**

ਵਣ ਗਾਰਡ (ਕੋਈ ਵੀ ਲਿੰਗ)-100 ਆਸਾਮੀਆਂ- ਵਿਦਿਅਕ ਯੋਗਤਾ: (ੳ) ਸੀਨੀਅਰ ਸੈਕੰਡਰੀ ਪਾਰਟ-2 ਜਾਂ ਇਸ ਦੇ ਬਰਾਬਰ ਦੀ ਯੋਗਤਾ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਪਾਸ ਕੀਤੀ ਹੋਵੇ। (ਅ) (1) ਕੱਦ-**ਪੁਰਸ਼**; 167 ਸ.ਮ. ਛਾਤੀ ਬਿਨਾਂ ਫੁਲਾਏ 79 ਸ.ਮ. ਫੁਲਾ ਕੇ 84 ਸ.ਮ., **ਔਰਤ**- ਕੱਦ:150 ਸ.ਮ., ਛਾਤੀ ਬਿਨਾਂ ਫੁਲਾਏ 74 ਸ.ਮ., ਫੁਲਾ ਕੇ 79 ਸ.ਮ. (2) 13 ਕਿਲੋਮੀਟਰ ਵਾਕ ਮਰਦਾਂ ਲਈ ਅਤੇ 8 ਕਿਲੋਮੀਟਰ ਵਾਕ ਔਰਤਾਂ ਲਈ ਡੇਢ ਘੰਟੇ ਵਿਚ ਪੂਰੀ ਕਰਨਾ। ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

ਨੋਟ :- ਹੋਮ ਗਾਰਡ ਜਵਾਨਾਂ ਅਤੇ ਸਿਵਲ ਡਿਫੈਂਸ ਪ੍ਰਸੋਨਲ ਨੂੰ ਪਹਿਲ ਦਿੱਤੀ ਜਾਵੇਗੀ।

ਤਨਖਾਹ/ਪੇਅ ਬੈਂਡ- 10300-34800+3200 ਗ੍ਰੇਡ ਪੇਅ

4) **ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਲਈ**

ਜੂਨੀਅਰ ਡਰਾਫਟਸਮੈਨ (46 ਆਸਾਮੀਆਂ): ਵਿਦਿਅਕ ਯੋਗਤਾ: Diploma in three years Architectural Assistantship awarded by the State Board of Technical Education Punjab **or** Two years certificate course in Civil Draftsmanship from ITI or its equivalent; with one year experience in the field of Planning and designing in any institution or Department after obtaining the certificate. ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ

ਤਨਖਾਹ ਬੈਂਡ:5910-20200+2400 ਗ੍ਰੇਡ ਪੇਅ

5) **ਡਾਇਰੈਕਟਰ ਖਜਾਨਾ ਤੇ ਲੇਖਾ, ਪੰਜਾਬ**

ਸਹਾਇਕ ਖਜਾਨਚੀ (16 ਆਸਾਮੀਆਂ): ਵਿਦਿਅਕ ਯੋਗਤਾ: First Class Matriculate or a Graduate of a recognized University with Mathematics as one of the subject at Matriculation level. Should have experience for at least three years in handling cash and stamps in a bank or post office or any Government Office. ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ

ਤਨਖਾਹ ਬੈਂਡ:5910-20200+2400 ਗ੍ਰੇਡ ਪੇਅ

ਉਕਤ ਸਾਰੀਆਂ ਆਸਾਮੀਆਂ ਲਈ ਉਮਰ ਸੀਮਾ 18 ਤੋਂ 38 ਸਾਲ ਹੋਵੇਗੀ।

ਉਕਤ ਦਰਸਾਈਆਂ ਸਾਰੀਆਂ ਆਸਾਮੀਆਂ ਦੀ ਗਿਣਤੀ ਘਟਾਈ/ਵਧਾਈ ਜਾ ਸਕਦੀ ਹੈ।

ਉਪਰੋਕਤ ਆਸਾਮੀਆਂ ਲਈ ਲਿਖਤੀ ਟੈਸਟ ਹੋਵੇਗਾ। ਹੋਰ ਵਿਸਥਾਰਪੂਰਵਕ ਵੇਰਵੇ, ਸਰਤਾਂ/ਬਾਨਾਂ (Terms and conditions) ਅਧੀਨ ਸੇਵਾਵਾਂ ਚੋਣ ਬੋਰਡ ਦੀ **ਵੈੱਬਸਾਈਟ www.punjabsssb.gov.in** ਤੇ ਉੱਪਲਬੱਧ ਹਨ।

**ਸਹੀ/-**

**ਮਿਤੀ**: 25/10/2013 **ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ।**

## ਇਸ਼ਤਿਹਾਰ ਨੰ:03 ਆਫ 2013– <u>ਡਿਟੇਲਡ ਸੂਚਨਾ</u>

1. ਜਾਣ-ਪਹਿਚਾਣ:-

ੳ) ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ। ਜਿਸ ਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਕੀਤੇ ਮੰਗ ਪੱਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਵਿਚ ਗਰੁੱਪ *ਸੀ* ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

**ਇਸ਼ਤਿਹਾਰ ਨੰ:03 ਆਫ 2013– ਸੀਨੀਅਰ ਲੈਬੋਰਟਰੀ ਅਟੈਂਡੈਂਟ, ਲੈਬੋਰਟਰੀ ਅਟੈਂਡੈਂਟ, ਲਾਇਬ੍ਰੇਰੀ ਰਿਸਟੋਰਰ, ਸਹਾਇਕ ਖਜਾਨਚੀ, ਵਣਗਾਰਡ ਅਤੇ ਜੂਨੀਅਰ ਡਰਾਫਟਸਮੈਨ ਦੀਆਂ ਆਸਾਮੀਆਂ**

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਲਈ ਸੀਨੀਅਰ ਲੈਬੋਰਟਰੀ ਅਟੈਂਡੈਂਟ/ਲੈਬੋਰਟਰੀ ਅਟੈਂਡੈਂਟ, ਵਣਗਾਰਡ, ਜੂਨੀਅਰ ਡਰਾਫਟਸਮੈਨ, ਲਾਇਬ੍ਰੇਰੀ ਰਿਸਟੋਰਰ ਅਤੇ ਸਹਾਇਕ ਖਜਾਨਚੀ ਦੀਆਂ ਆਸਾਮੀਆਂ ਭਰਨ ਲਈ ਯੋਗ ਉਮੀਦਵਾਰਾਂ ਤੋਂ ਪ੍ਰਤੀਬੇਨਤੀਆਂ ਦੀ ਮੰਗ ਕੀਤੀ ਜਾਂਦੀ ਹੈ।

ਨੋਟ:- ਇਹ ਇਸ਼ਤਿਹਾਰ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਕੀਤੇ ਮੰਗ ਪੱਤਰਾਂ ਦੇ ਆਧਾਰ ਤੇ ਦਿੱਤਾ ਜਾ ਰਿਹਾ ਹੈ, ਇਸ ਵਿਚ ਕਿਸੇ ਵੀ ਤਰ੍ਹਾਂ ਦੀ ਰੱਦੋਬਦਲ ਕਰਨ ਦਾ ਹੱਕ ਬੋਰਡ ਕੋਲ ਰਾਖਵਾਂ ਹਵੇਗਾ।

2. <u>ਆਸਾਮੀਆਂ ਦਾ ਵਰਗੀਕਰਨ</u>

| ਲੜੀ ਨੰ: | ਵਿਭਾਗ ਦਾ ਨਾਂ | ਆਸਾਮੀ ਦਾ ਨਾਂ | ਜਨਰਲ | ਅ.ਜ. | ਪ.ਸ. | ਸਾਬਕਾ ਫੌਜੀ (ਖੁਦ/ ਆਸਰਿਤ | ਅੰਗਹੀਣ | ਖਿਡਾਰੀ | ਸੁਤੰਤਰਤਾ ਸੰਗਰਾਮੀ | ਕੁੱਲ |
|---|---|---|---|---|---|---|---|---|---|---|
| 1. | ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਲਈ | ਸੀਨੀਅਰ ਲੈਬੋਰਟਰੀ ਅਟੈਂਡੈਂਟ/ ਲੈਬੋਰਟਰੀ ਅਟੈਂਡੈਂਟ | 259 | 100 | 50 | 65 (ਅ.ਜ.-20, ਪ.ਸ.-10, ਜਨ:-35) | 15 (ਨੇਤਰਹੀਣ-05, ਗੂੰਗੇ ਬੋਲੇ-05, ਅੰਗਹੀਣ-05) | ਜਨਰਲ-10 | 05 | 504 |
| 2. | ਮੁੱਖ ਵਣਪਾਲ, ਪੰਜਾਬ | ਵਣ ਗਾਰਡ | 15 | 07 | 07 | 51 (ਜਨ:32, ਅ.ਜ.-13, ਪ.ਸ.-06) | - | 17 (ਜਨ:13 ਅ.ਜ.-4) | 03 | 100 |
| 3. | ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਲਈ | ਜੂਨੀਅਰ ਡਰਾਫਟਸਮੈਨ | 18 | 10 | 05 | ਜਨਰਲ-04 ਪ.ਸ.-02 ਅ.ਜ.-02 | 01 | ਜਨਰਲ-01 ਅ.ਜ.-01 | - | 44 |
| 4. | ਡਾਇਰੈਕਟਰ, ਸਿੱਖਿਆ ਵਿਭਾਗ | ਲਾਇਬ੍ਰੇਰੀ ਰਿਸਟੋਰਰ | 13 | 05 | 03 | ਜਨਰਲ-01 ਪ.ਸ.-01 ਅ.ਜ.-01 | - | ਜਨਰਲ-01 | | 25 |

| | | | | | | | | | | |
|---|---|---|---|---|---|---|---|---|---|---|
| 5 | ਡਾਇਰੈਕਟਰ, ਖਜਾਨਾ ਤੇ ਲੇਖਾ ਵਿਭਾਗ | ਸਹਾਇਕ ਖਜਾਨਚੀ | – | 07 (ਮ.ਬ.–04 ਆਰ.ਓ.–03) | 03 | 05 | – | 01 | – | 16 |

3. **ਪੇਅ ਸਕੇਲ:–**

ਸੀਨੀਅਰ ਲੈਬੋਰਟਰੀ ਅਟੈਂਡੈਂਟ/ਲੈਬੋਰਟਰੀ ਅਟੈਂਡੈਂਟ: 5910–20200+2400 ਗ੍ਰੇਡ ਪੇਅ/ 5910–20200+1900

ਵਣਗਾਰਡ: 10300–34800+3200 ਗ੍ਰੇਡ ਪੇਅ

ਜੂਨੀਅਰ ਡਰਾਫਟਸਮੈਨ: 5910–20200+2400 ਗ੍ਰੇਡ ਪੇਅ

ਲਾਇਬ੍ਰੇਰੀ ਰਿਸਟੋਰਰ:–5910–20200+2400 ਗ੍ਰੇਡ ਪੇਅ

ਸਹਾਇਕ ਖਜਾਨਚੀ: 5910–20200+2400 ਗ੍ਰੇਡ ਪੇਅ

ਨੋਟ: ਸੀਨੀਅਰ ਲੈਬੋਰਟਰੀ ਅਟੈਂਡੈਂਟ ਦੀਆਂ ਆਸਾਮੀਆਂ ਲਈ ਟੈਸਟ ਵਿਚ ਪ੍ਰਾਪਤ ਅੰਕਾਂ ਦੀ ਉਚੇਰੀ ਮੈਰਿਟ ਵਾਲੇ ਉਮੀਦਵਾਰਾਂ ਨੂੰ ਰੱਖਿਆ ਜਾਵੇਗਾ ਅਤੇ ਉਸ ਤੋਂ ਘੱਟ ਮੈਰਿਟ ਵਾਲੇ ਉਮੀਦਵਾਰਾਂ ਨੂੰ ਲੈਬੋਰਟਰੀ ਅਟੈਂਡੈਟ ਦੀਆਂ ਆਸਾਮੀਆਂ ਲਈ ਰੱਖਿਆ ਜਾਵੇਗਾ)

4. **ਜਰੂਰੀ ਯੋਗਤਾ:–**

<u>ਪੰਜਾਬ ਸਰਕਾਰ ਦੇ ਵੱਖ–ਵੱਖ ਵਿਭਾਗਾਂ ਲਈ</u>

**i) ਸੀਨੀਅਰ ਲੈਬੋਰਟਰੀ ਅਟੈਂਡੈਂਟ/ਲੈਬੋਰਟਰੀ ਅਟੈਂਡੈਂਟ** (504 ਆਸਾਮੀਆਂ):–**ਵਿਦਿਅਕ ਯੋਗਤਾ:** ਮੈਟਰਿਕ ਸਾਇੰਸ ਵਿਸ਼ੇ ਨਾਲ ਸਮੇਤ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

**<u>ਵਣ ਵਿਭਾਗ</u>**

**ii) ਵਣ ਗਾਰਡ** (ਕੋਈ ਵੀ ਲਿੰਗ)–100 ਆਸਾਮੀਆਂ– ਵਿਦਿਅਕ ਯੋਗਤਾ: (ੳ) ਸੀਨੀਅਰ ਸੈਕੰਡਰੀ ਪਾਰਟ–2 ਜਾਂ ਇਸ ਦੇ ਬਰਾਬਰ ਦੀ ਯੋਗਤਾ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਪਾਸ ਕੀਤੀ ਹੋਵੇ। (ਅ) (1) ਕੱਦ–**<u>ਪੁਰਸ਼</u>**; 167 ਸ.ਮ. ਛਾਤੀ ਬਿਨਾਂ ਫੁਲਾਏ 79 ਸ.ਮ. ਫੁਲਾ ਕੇ 84 ਸ.ਮ., **<u>ਔਰਤ</u>**– ਕੱਦ:150 ਸ.ਮ., ਛਾਤੀ ਬਿਨਾਂ ਫੁਲਾਏ 74 ਸ.ਮ. ਅਤੇ ਫਲਾ ਕੇ 79 ਸ.ਮ., (2) 13 ਕਿਲੋਮੀਟਰ ਵਾਕ ਮਰਦਾਂ ਲਈ ਅਤੇ 8 ਕਿਲੋਮੀਟਰ ਵਾਕ ਔਰਤਾਂ ਲਈ ਡੇਢ ਘੰਟੇ ਵਿਚ ਪੂਰੀ ਕਰਨਾ। ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

ਨੋਟ :– ਹੋਮ ਗਾਰਡ ਜਵਾਨਾਂ ਅਤੇ ਸਿਵਲ ਡਿਫੈਂਸ ਪ੍ਰਸੋਨਲ ਨੂੰ ਪਹਿਲ ਦਿੱਤੀ ਜਾਵੇਗੀ।

**<u>ਪੰਜਾਬ ਸਰਕਾਰ ਦੇ ਵੱਖ–ਵੱਖ ਵਿਭਾਗਾਂ ਲਈ</u>**

**iii)** ਜੂਨੀਅਰ ਡਰਾਫਟਸਮੈਨ (46 ਆਸਾਮੀਆਂ): ਵਿਦਿਅਕ ਯੋਗਤਾ: **Diploma in three years Architectural Assistantship awarded by the State Board of Technical Education Punjab**

**or** ***Two years certificate course in Civil Draftsmanship from ITI or its equivalent; with one year experience in the field of Planning and designing in any institution or Department after obtaining the certificate.*** ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

**ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ**

**iv)** ਲਾਇਬ੍ਰੇਰੀ ਰਿਸਟੋਰਰ (25 ਆਸਾਮੀਆਂ):- ਵਿਦਿਅਕ ਯੋਗਤਾ: ਮਾਨਤਾ ਪ੍ਰਾਪਤ ਬੋਰਡ/ਸੰਸਥਾ ਤੋਂ ਮਟਰਿਕ ਪੰਜਾਬੀ ਵਿਸੇ ਨਾਲ ਪਾਸ ਕੀਤੀ ਹੋਵੇ।

5) **ਡਾਇਰੈਕਟਰ ਖਜਾਨਾ ਤੇ ਲੇਖਾ, ਪੰਜਾਬ**

**v)** ਸਹਾਇਕ ਖਜਾਨਚੀ (16 ਆਸਾਮੀਆਂ): ਵਿਦਿਅਕ ਯੋਗਤਾ: First Class Matriculate or a Graduate of a recognized University with Mathematics as one of the subject at Matriculation level. Should have experience for at least three years in handling cash and stamps in a bank or post office or any Government Office. ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ

5. **ਉਮਰ ਸੀਮਾ:-**

ੳ) ਮਿਤੀ 1.1.2013 ਨੂੰ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 38 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

ਅ) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ 43 ਸਾਲ ਹੋਵੇਗੀ।

ੲ) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ ਉਮਰ ਸੀਮਾ ਵਿਚ 45 ਸਾਲ ਤੱਕ ਛੋਟ ਦਿੱਤੀ ਜਾਵੇਗੀ।

ਸ) ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਆਸਾਮੀ ਦੀ ਉਪਰਲੀ ਸੀਮਾ ਤੋਂ 3 ਸਾਲ ਵੱਧ ਹੋਵੇਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸ਼ਟਤਾ ਦੇਣੀ ਹੋਵੇਗੀ।

ਹ) ਵਿਧਵਾ ਅਤੇ ਤਲਾਕਸ਼ੁਦਾ ਔਰਤਾਂ ਨੂੰ ਉਮਰ ਦੀ ਉਪਰਲੀ ਸੀਮਾ ਵਿਚ 40 ਸਾਲ ਤੱਕ ਦੀ ਛੋਟ ਦਿੱਤੀ ਜਾਵੇਗੀ।

ਕ) ਪੰਜਾਬ ਦੇ ਵਸਨੀਕ ਵਿਕਲਾਂਗਾਂ ਦੀ ਉਪਰਲੀ ਉਮਰ ਸੀਮਾ ਵਿਚ 10 ਸਾਲ ਦੀ ਛੋਟ ਦਿੱਤੀ ਜਾਵੇਗੀ ਭਾਵ ਵੱਧ ਤੋਂ ਵੱਧ ਉਮਰ ਸੀਮਾ 48 ਸਾਲ ਹੋਵੇਗੀ।

6. **ਫੀਸ ਸਬੰਧੀ ਵੇਰਵਾ:-**

ਜਨਰਲ ਕੈਟਾਗਰੀ: 600/- ਰੁਪਏ

ਐਸ.ਸੀ./ਬੀ.ਸੀ.: 150/- ਰੁਪਏ

ਸਾਬਕਾ ਫੌਜੀ ਅਤੇ ਆਸ਼ਰਿਤ: 100/- ਰੁਪਏ

ਨੋਟ:

ੳ) ਪੰਜਾਬ ਦੇ ਵਸਨੀਕ ਵਿਕਲਾਂਗ ਉਮੀਦਵਾਰ, ਜਿਸ ਵਰਗ/ਸ੍ਰੇਣੀ ਨਾਲ ਉਹ ਸਬੰਧ ਰੱਖਦੇ ਹਨ, ਵੱਲੋਂ ਉਪਰੋਕਤ ਅਨੁਸਾਰ ਦਰਸਾਈ ਫੀਸ ਵਿਚੋਂ ਅੱਧੀ ਫੀਸ ਜਮਾਂ ਕਰਵਾਈ ਜਾਵੇਗੀ,।

ਅ) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਨਾ ਭੇਜਣ ਦੀ ਹਾਲਤ ਵਿਚ ਉਸ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

ੲ) ਉਮੀਦਵਾਰ ਆਨਲਾਈਨ ਅਪਲਾਈ ਕਰਨ ਸਬੰਧੀ ਆਈ.ਡੀ. generate ਹੋਣ ਤੋਂ ਅਗਲੇ ਦਿਨ 11.00 ਵਜੇ ਤੋਂ ਬਾਅਦ ਸਟੇਟ ਬੈਂਕ ਆਫ ਇੰਡੀਆ ਦੀ ਕਿਸੇ ਸਾਖਾ ਵਿਚ ਫੀਸ ਜਮਾਂ ਕਰਵਾ ਸਕਦਾ ਹੈ।

ਸ) ਫੀਸ ਦੀ ਅਦਾਇਗੀ ਉਮੀਦਵਾਰਾਂ ਵੱਲੋਂ ਆਨਲਾਈਨ ਜਨਰੇਟ ਕੀਤੇ ਜਾਣ ਵਾਲੇ ਐਪਲੀਕੇਸਨ ਫਾਰਮ ਨਾਲ ਚਲਾਨ ਦਾ ਪ੍ਰਿੰਟ ਲੈ ਕੇ **ਸਟੇਟ ਬੈਂਕ ਆਫ ਇੰਡੀਆ (State Bank of India) ਦੀ ਕਿਸੇ ਸਾਖਾ ਵਿਚ ਜਮਾਂ ਕਰਵਾਈ ਜਾਵੇਗੀ। ਇਸ ਵਿਧੀ ਤੋਂ ਅਲੱਗ ਕਿਸੇ ਹੋਰ ਵਿਧੀ ਨਾਲ ਜਮਾਂ ਕਰਵਾਈ ਗਈ ਫੀਸ ਨੂੰ ਵੈਲਿਡ ਨਹੀਂ ਮੰਨਿਆ ਜਾਵੇਗਾ ਅਤੇ ਉਮੀਦਵਾਰ ਦੀ ਅਰਜੀ ਰੱਦ ਹੋ ਜਾਵੇਗੀ।**

7. **ਪ੍ਰਤੀਬੇਨਤੀ ਭੇਜਣ ਸਬੰਧੀ ਫਾਰਮ:-**

ਉਮੀਦਵਾਰ ਬੋਰਡ ਦੀ ਵੈਬਸਾਈਟ www.punjabsssb.gov.in ਤੇ ਕੇਵਲ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਅਰਜੀ ਰੱਦ ਸਮਝੀ ਜਾਵੇਗੀ।

8. **ਕੈਟਾਗਰੀ ਕੋਡ (Category codes):-**

ੳ) ਉਮੀਦਵਾਰ ਕੈਟਾਗਰੀ ਕੋਡ ਦਾ ਖਿਆਲ ਰੱਖਦੇ ਹੋਏ ਫਾਰਮ ਧਿਆਨ ਨਾਲ ਭਰਨ ਕਿਉਂਕਿ ਕਿਸੇ ਵੀ ਸਟੇਜ ਤੇ ਇਹ ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

ਅ) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਮਿਲਣਯੋਗ ਹੋਵੇਗਾ, ਇਸ ਲਈ ਕੈਟਾਗਰੀ ਕੋਡ ਭਰਨ ਸਮੇਂ ਉਮੀਦਵਾਰ ਆਪ ਹੀ ਧਿਆਨ ਰੱਖੇਗਾ। ਉਮੀਦਵਾਰਾਂ ਵੱਲੋਂ ਆਨਲਾਈਨ ਭਰੇ ਗਏ ਫਾਰਮ ਵਿਚ ਦਰਜ ਕੋਡ ਦੇ ਆਧਾਰ ਤੇ ਹੀ ਉਸ ਦੀ ਪਾਤਰਤਾ ਬਾਰੇ ਵਿਚਾਰ ਕੀਤਾ ਜਾਵੇਗਾ।

9. **ਨਿਰਧਾਰਤ ਲਿਖਤੀ ਟੈਸਟ ਅਤੇ ਸਿਲੇਬਸਃ**

ਸੀਨੀਅਰ ਲੈਬੋਰਟਰੀ ਅਟੈਂਡੈਂਟ/ਲੈਬੋਰਟਰੀ ਅਟੈਂਡੈਂਟ, ਲਾਇਬ੍ਰੇਰੀ ਰਿਸਟੋਰਰ, ਵਣਗਾਰਡ, ਸਹਾਇਕ ਖਜਾਨਚੀ ਅਤੇ ਜੂਨੀਅਰ ਡਰਾਫਟਸਮੈਨ ਦੀਆਂ ਆਸਾਮੀਆਂ ਲਈ ਲਿਖਤੀ ਟੈਸਟ ਲਿਆ ਜਾਵੇਗਾ, ਜਿਸ ਸਬੰਧੀ ਵਿਸਥਾਰਪੂਰਵਕ ਸੂਚਨਾ ਅਤੇ ਸਿਲੇਬਸ ਬਾਰੇ ਜਾਣਕਾਰੀ ਅੱਗੇ ਦਿੱਤੀ ਜਾ ਰਹੀ ਹੈ।

ਉਪਰੋਕਤ ਕੈਟਾਗਰੀਜ ਵਿਚ ਦਰਜ ਆਸਾਮੀਆਂ ਵਾਸਤੇ ਜਿਨ੍ਹਾਂ ਉਮੀਦਵਾਰਾਂ ਨੇ ਨਿਰਧਾਰਤ ਸਮੇਂ ਵਿਚ ਅਪਲਾਈ ਕੀਤਾ ਅਤੇ ਪ੍ਰਕਾਸ਼ਤ ਇਸ਼ਤਿਹਾਰ ਅਨੁਸਾਰ ਪੂਰੀ ਯੋਗਤਾ ਰੱਖਦੇ ਹਨ, ਦਾ Common Test (Objective type) ਲਿਆ ਜਾਵੇਗਾ, ਜਿਸ ਦਾ ਸਲੇਬਸ ਹੇਠ ਲਿਖੇ ਅਨੁਸਾਰ ਹੈਃ-

ORM ਉੱਤਰ ਕਾਪੀ ਵਾਸਤੇ ਪ੍ਰਸ਼ਨ ਪੇਪਰ 100 ਨੰਬਰ ਦਾ ਹੋਵੇਗਾ, ਜਿਸ ਵਿਚ ਹਰ ਪ੍ਰਸ਼ਨ ਦੇ ਨਾਲ ਸਹੀ ਉੱਤਰ ਚੁਣਨ ਦੀ ਆਪਸਨ ਹੋਵੇਗੀ ਅਤੇ ਇਸ ਪੇਪਰ ਲਈ 2 ਘੰਟੇ ਦਾ ਸਮਾਂ ਨਿਸਚਿਤ ਹੋਵੇਗਾ। ਪ੍ਰਸਨ ਦੇ ਸਹੀ ਉੱਤਰ ਦਾ ਇਕ ਨੰਬਰ ਦਿੱਤਾ ਜਾਵੇਗਾ ਅਤੇ ਨੇਗੇਟਿਵ ਮਾਰਕਿੰਗ ਵੀ ਹੋਵੇਗੀ, ਜਿਸ ਲਈ ਪ੍ਰਸ਼ਨ ਦਾ ਗਲਤ ਜਵਾਬ ਦੇਣ ਤੇ 1/4 ਅੰਕ ਕੱਟ ਲਏ ਜਾਣਗੇ।

**<u>ਸਿਲੇਬਸ ਅਤੇ ਅੰਕਾਂ ਦੀ ਵੰਡ</u>**

**<u>ਸੀਨੀਅਰ ਲੈਬੋਰਟਰੀ ਅਟੈਂਡੈਂਟ/ਲੈਬੋਰਟਰੀ ਅਟੈਡੈਂਟ, ਲਾਇਬ੍ਰੇਰੀ ਰਿਸਟੋਰਰ, ਸਹਾਇਕ ਖਜਾਨਚੀ ਅਤੇ ਵਣ ਗਾਰਡ ਦੀ ਆਸਾਮੀ ਲਈ</u>**

**<u>ਭਾਗ-1</u>**

| | | |
|---|---|---|
| 1) | ਮੈਂਟਰਿਕ ਪੱਧਰ ਦੀ ਸਾਇੰਸ | 20 ਅੰਕ |
| 2) | ਮੈਟਰਿਕ ਪੱਧਰ ਦਾ ਹਿਸਟਰੀ, ਗਣਿਤ ਅਤੇ ਭੂਗੋਲ | 30 ਅੰਕ |

**<u>ਭਾਗ-2</u>**

| | | |
|---|---|---|
| 1) | ਪੰਜਾਬ ਰਾਜ ਬਾਰੇ ਆਮ ਜਾਣਕਾਰੀ | 20 ਅੰਕ |
| 2) | ਮੈਂਟਰਿਕ ਪੱਧਰ ਦੀ ਇੰਗਲਿਸ਼ ਅਤੇ ਪੰਜਾਬੀ | 30 ਅੰਕ |

**<u>ਜੂਨੀਅਰ ਡਰਾਫਟਸਮੈਨ ਦੀ ਆਸਾਮੀ ਲਈ</u>**

**<u>ਭਾਗ-1</u>**

| | | |
|---|---|---|
| 1) | ਡਰਾਫਟਸਮੈਨ (ਸਿਵਲ) ਡਿਪਲੋਮਾ ਲਈ ਨਿਰਧਾਰਤ ਸਿਲੇਬਸ ਵਿਚੋਂ | 30 ਅੰਕ |
| 2) | ਮੈਟਰਿਕ ਪੱਧਰ ਦਾ ਗਣਿਤ ਅਤੇ ਭੂਗੋਲ | 20 ਅੰਕ |

**ਭਾਗ-2**

| | | |
|---|---|---|
| 1) | ਪੰਜਾਬ ਰਾਜ ਬਾਰੇ ਆਮ ਜਾਣਕਾਰੀ | 20 ਅੰਕ |
| 2) | ਮੈਟਰਿਕ ਪੱਧਰ ਦੀ ਇੰਗਲਿਸ਼ ਅਤੇ ਪੰਜਾਬੀ | 30 ਅੰਕ |

10. **ਉਮੀਦਵਾਰ ਨੂੰ ਅਯੋਗ ਠਹਿਰਾਉਣ ਸਬੰਧੀ ਸੰਖੇਪ ਸ਼ਰਤਾਂ:-**

ੳ) ਪੂਰੀ ਫੀਸ ਦਾ ਪ੍ਰਾਪਤ ਨਾ ਹੋਣਾ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜਮਾਂ ਨਾ ਕਰਵਾਉਣਾ;

ਅ) ਪ੍ਰਤੀਬੇਨਤੀ/ਫਾਰਮ ਵਿਚ ਅਧੂਰੀ ਜਾਂ ਗਲਤ ਸੂਚਨਾ ਦੇਣਾ;

ੲ) ਅਧੀਨ ਸੇਵਾਵਾਂ ਚੋਣ ਬੋਰਡ ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ;

ਸ) ਵਿਦਿਅਕ ਯੋਗਤਾ ਜਾਂ ਉਮਰ ਆਦਿ ਸਬੰਧੀ ਸ਼ਰਤਾਂ ਦਾ ਪੂਰਾ ਨਾ ਹੋਣਾ।

ਹ) ਆਨਲਾਈਨ ਤੋਂ ਇਲਾਵਾ ਕਿਸੇ ਹੋਰ ਵਿਧੀ ਰਾਹੀਂ ਪ੍ਰਾਪਤ ਹੋਈ ਅਰਜੀ ਜਾਂ ਆਨਲਾਈਨ ਦਾ ਪ੍ਰੋਸੈਸ ਅਧੂਰਾ ਹੋਣਾ।

11. **ਰਿਜਰਵੇਸ਼ਨ ਸਰਟੀਫਿਕੇਟ:-**

ੳ) ਅਨੁਸੂਚਿਤ ਜਾਤੀ/ਪੱਛੜੀ ਸ੍ਰੇਣੀ ਦਾ ਸਰਟੀਫਿਕੇਟ ਭਲਾਈ ਵਿਭਾਗ, ਪੰਜਾਬ ਸਰਕਾਰ ਦੀਆਂ ਪ੍ਰਚੱਲਤਾਂ ਹਦਾਇਤਾਂ ਅਨੁਸਾਰ ਅਤੇ ਸਾਬਕਾ ਫੌਜੀਆਂ ਦਾ ਸਰਟੀਫਿਕੇਟ ਉਨ੍ਹਾਂ ਦੇ ਸਬੰਧਤ ਵਿਭਾਗ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਵੇਗਾ।

ਅ) ਸੁਤੰਤਰਤਾ ਸੰਗਰਾਮੀ ਸ੍ਰੇਣੀ ਨਾਲ ਸਬੰਧਤ ਉਮੀਦਵਾਰ ਆਪਣੇ ਜਿਲ ਦੇ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਨੱਥੀ ਕਰਨਗੇ।

ੲ) ਵੱਖ-ਵੱਖ ਕੈਟਾਗਰੀਆਂ ਐਸ.ਸੀ./ਬੀ.ਸੀ., ਸਾਬਕਾ ਫੌਜੀ, ਅੰਗਹੀਣ ਅਤੇ ਅਜਾਦੀ ਘੁਲਾਟੀਏ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦਾ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਇਆ ਸਰਟੀਫਿਕੇਟ ਸਬੂਤ ਵਜੋਂ ਕਾਉਂਸਲਿੰਗ ਸਮੇਂ ਪੇਸ਼ ਕਰਨਗੇ।

ਸ) ਖਿਡਾਰੀ ਸ੍ਰੇਣੀ ਦੇ ਉਮੀਦਵਾਰਾਂ ਕੋਲ, ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦਾ, ਡਾਇਰੈਕਟਰ ਸਪੋਰਟਸ, ਪੰਜਾਬ ਵੱਲੋਂ ਜਾਰੀ ਕੀਤਾ ਗਰੇਡੇਸ਼ਨ ਸਰਟੀਫਿਕੇਟ ਹੋਣਾ ਚਾਹੀਦਾ ਹੈ।

ਪ੍ਰਕਾਸ਼ਿਤ ਆਸਾਮੀਆਂ ਵਿਚ ਰਾਖਵਾਂਕਰਨ ਸਬੰਧਤ ਵਿਭਾਗਾਂ ਪਾਸੋ ਪ੍ਰਾਪਤ ਵੇਰਵੇ ਅਤੇਂ ਪੰਜਾਬ ਸਰਕਾਰ ਪ੍ਰਸੋਨਲ ਅਤੇ ਭਲਾਈ ਵਿਭਾਗ (ਰਾਖਵਾਂਕਰਨ ਸੈਲ) ਵੱਲੋਂ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ, ਪਾਲਿਸੀ ਗਾਈਡਲਾਈਨਜ ਅਤੇ ਲਾਗੂ ਲਾਅ ਦੇ ਆਧਾਰ ਤੇ ਹੈ।

12. **ਚੋਣ ਵਿਧੀ:-**

ਨਿਰਧਾਰਤ ਵਿੱਦਿਅਕ/ਤਕਨੀਕੀ ਯੋਗਤਾ ਰੱਖਣ ਵਾਲੇ ਯੋਗ ਉਮੀਦਵਾਰ ਜੋ ਬੋਰਡ ਵੱਲੋਂ ਨਿਰਧਾਰਤ ਟੈਸਟ (ਟੈਸਟਾਂ) ਉਪਰੰਤ ਪ੍ਰਾਪਤ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਣ ਵਾਲੀ ਸੂਚੀ ਵਿਚ ਉਪਰਲੀ ਗਿਣਤੀ ਵਿਚ ਹੋਣਗੇ, ਨੂੰ ਹੀ ਕੌਂਸਲਿਗ ਲਈ ਬੁਲਾਇਆ ਜਾਵੇਗਾ ਬਸ਼ਰਤੇ ਕਿ ਹਰ

ਵਰਗ ਦੇ ਉਮੀਦਵਾਰਾਂ ਵੱਲੋਂ ਘੱਟੋ ਘੱਟ 35 ਅੰਕ ਪ੍ਰਾਪਤ ਕੀਤੇ ਹੋਣ। ਚੋਣ ਨਿਰੋਲ ਟੈਸਟ ਵਿਚ ਪ੍ਰਾਪਤ ਅੰਕਾਂ ਦੀ ਮੈਰਿਟ ਦੇ ਆਧਾਰ ਤੇ ਹੋਵੇਗੀ। **ਵਣਗਾਰਡ ਦੀ ਆਸਾਮੀ** ਲਈ ਲਿਖਤੀ ਟੈਸਟ ਵਿਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਸੂਚੀ ਵਿਚ ਉਪਰਲੀ ਗਿਣਤੀ ਵਿਚ ਆਉਂਦੇ ਉਮੀਦਵਾਰਾਂ ਨੂੰ ਆਸਾਮੀਆਂ ਦੀ ਗਿਣਤੀ ਦੇ 3-5 ਗੁਣਾਂ ਦੇ ਹਿਸਾਬ ਨਾਲ ਨਿਰਧਾਰਤ ਫਿਜੀਕਲ ਟੈਸਟ ਲਈ ਬੁਲਾਇਆ ਜਾਵੇਗਾ ਅਤੇ ਫਿਜੀਕਲ ਟੈਸਟ ਪਾਸ ਕਰਨ ਅਤੇ ਹੋਰ ਸ਼ਰਤਾਂ ਪੂਰੀਆਂ ਕਰਨ ਉਪਰੰਤ ਹੀ ਅੱਗੋਂ ਕਾਊਂਸਲਿੰਗ ਲਈ ਬੁਲਾਇਆ ਜਾਵੇਗਾ।

13. **ਜਨਰਲ ਹਦਾਇਤਾਂ:-**

ੳ) ਉਮੀਦਵਾਰ ਬੋਰਡ ਦੀ ਵੈਬਸਾਈਟ ਤੇ latest updates ਲਈ ਆਪ ਹੀ ਰੈਗੂਲਰ ਤੌਰ ਤੇ ਚੈਕ ਰੱਖਣਗੇ।

ਅ) ਐਪਲੀਕੇਸ਼ਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿਮੇਵਾਰ ਹੋਵੇਗਾ। ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਇਸ ਸਬੰਧੀ ਕੋਈ ਜਿਮੇਵਾਰੀ ਨਹੀਂ ਹੋਵੇਗੀ।

ੲ) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਨੂੰ ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ। ਐਪਲੀਕੇਸ਼ਨ ਫਾਰਮ ਵਿਚ ਇਕ ਵਾਰ ਡਾਟਾ ਭਰਨ ਤੋਂ ਬਾਅਦ ਉਸ ਵਿਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਹੋਵੇਗੀ ਅਤੇ ਕਿਸੇ ਵੀ ਕਾਲਮ ਜਾਂ ਫਾਰਮ ਵਿਚ ਅਧੂਰੇ ਵੇਰਵੇ ਹੋਣ ਦੀ ਸੂਰਤ ਵਿਚ ਫਾਰਮ ਰੱਦ ਸਮਝੇ ਜਾਣਗੇ ।

ਸ) ਪ੍ਰੀਖਿਆ ਕੇਂਦਰਾਂ ਦੇ ਸਥਾਨ ਅਤੇ ਐਡਮਿਟ ਕਾਰਡ ਵੈਬਸਾਈਟ ਤੇ ਹੀ ਉਪਲਬਧ ਹੋਣਗੇ।

ਹ) ਉਮੀਦਵਾਰ ਪ੍ਰੀਖਿਆ ਕੇਂਦਰ ਤੇ ਪ੍ਰੀਖਿਆ ਸ਼ੁਰੂ ਹੋਣ ਤੋਂ ਇਕ ਘੰਟਾ ਪਹਿਲਾਂ ਪਹੁੰਚਣਾ ਯਕੀਨੀ ਬਣਾਉਣਗੇ ਅਤੇ ਪ੍ਰੀਖਿਆ ਕੇਂਦਰ ਤੇ ਉਮੀਦਵਾਰ ਐਡਮਿਟ ਕਾਰਡ ਦੇ ਨਾਲ-ਨਾਲ ਆਪਣੀ ਸ਼ਨਾਖਤ ਲਈ ਵੋਟਰ ਸ਼ਨਾਖਤੀ ਕਾਰਡ, ਪਾਸਪੋਰਟ, ਆਧਾਰ ਕਾਰਡ ਜਾਂ ਪੈਨ ਕਾਰਡ ਆਦਿ ਵਿਚੋਂ ਕੋਈ ਇਕ ਸਬੂਤ ਵੀ ਨਾਲ ਲੈ ਕੇ ਆਉਣਗੇ।

ਕ) ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਜਿਸ ਆਸਾਮੀ ਲਈ ਅਪਲਾਈ ਕਰ ਰਿਹਾ ਹੈ, ਉਸ ਦੀ ਪਾਤਰਤਾ ਲਈ ਨਿਰਧਾਰਤ ਸ਼ਰਤਾਂ ਪੂਰੀਆਂ ਕਰਦਾ ਹੈ। ਉਮੀਦਵਾਰ ਪ੍ਰੀਖਿਆ ਵਿਚ ਬੈਠਣ ਅਤੇ ਟੈਸਟ ਪਾਸ ਕਰਨ ਨਾਲ ਨਿਯਕਤੀ ਲਈ ਪਾਤਰ ਨਹੀਂ ਬਣ ਜਾਂਦਾ। ਨਿਯੁਕਤੀ ਲਈ ਚੋਣ ਉਸ ਦੀ ਪਾਤਰਤਾ ਹੋਣ ਤੇ ਹੀ ਹੋਵੇਗੀ ਅਤੇ ਕਾਊਂਸਲਿੰਗ ਸਮੇਂ ਉਮੀਦਵਾਰ ਵੱਲੋਂ ਅਸਲ ਦਸਤਾਵੇਜਾਂ ਦੇ ਆਧਾਰ ਤੇ ਉਮਰ, ਵਿਦਿਅਕ ਯੋਗਤਾ ਅਤੇ ਲੋੜੀਂਦੇ ਦਸਤਾਵੇਜਾਂ ਸਬੰਧੀ ਤਸਦੀਕ ਕਰਨੀ ਹੋਵੇਗੀ। ਕਿਸੇ ਵੀ ਦਸਤਾਵੇਜ ਦੀ ਅਣਹੋਂਦ ਵਿਚ ਉਮੀਦਵਾਰ ਨੂੰ ਨਿਯੁਕਤੀ/ਭਰਤੀ ਲਈ ਨਹੀਂ ਵਿਚਾਰਿਆ ਜਾਵੇਗਾ।

ਖ) ਕਿਸੇ ਵੀ ਉਮੀਦਵਾਰ ਨੂੰ ਰੋਲ ਨੰਬਰ ਸਲਿੱਪ ਤੋਂ ਬਿਨਾਂ ਪ੍ਰੀਖਿਆ ਕੇਂਦਰ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਗ) ਪ੍ਰੀਖਿਆ ਕੇਂਦਰ ਵਿਚ ਮੋਬਾਈਲ ਫੋਨ ਅਤੇ ਇਲੈਕਟਰਾਨਿਕ ਡਿਵਾਈਸ ਆਦਿ ਲਿਜਾਉਣ ਦੀ ਆਗਿਆ ਨਹੀਂ ਹੋਵੇਗੀ।

ਘ) ਉਮੀਦਵਾਰ ਆਪਣੀ ਕੈਟਾਗਰੀ ਧਿਆਨਪਰਵਕ ਭਰਨ, ਇਕ ਵਾਰੀ ਭਰੀ ਗਈ ਕੇਟਾਗਰੀ ਤਬਦੀਲੀ ਯੋਗ ਨਹੀਂ ਹੋਵੇਗੀ।

ਙ) ਵੱਖ-ਵੱਖ ਵਰਗਾਂ ਵਿਚ ਖਾਲੀ ਆਸਾਮੀਆਂ ਉਸ ਵਰਗ ਵਿਚ ਆਸਾਮੀ ਦੀ ਉਪਲਬਧਤਾ ਅਧੀਨ ਭਰੀਆਂ ਜਾਣਗੀਆਂ।

ਚ) ਇਸ਼ਤਿਹਾਰ ਵਿਚ ਦਿੱਤੀਆਂ ਆਸਾਮੀਆਂ ਦੀ ਗਿਣਤੀ ਘਟਾਈ/ਵਧਾਈ ਜਾ ਸਕਦੀ ਹੈ। ਆਸਾਮੀਆਂ ਦੀ ਮੌਜੂਦਾ ਗਿਣਤੀ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਮੰਗ ਪੱਤਰਾਂ ਤੇ ਆਧਾਰਤ ਹੈ ਜੋ ਕਿ ਬਾਅਦ ਵਿਚ ਉਨ੍ਹਾਂ ਵੱਲੋਂ ਕੋਈ ਵੀ ਸੋਧ ਅਤੇ ਮੋਡੀਫਿਕੇਸ਼ਨ ਕਰਨਯੋਗ ਹੋਵੇਗੀ।

ਛ) ਕਾਊਂਸਲਿੰਗ ਲਈ ਬੁਲਾਏ ਜਾਣ ਵਾਲੇ ਉਮੀਦਵਾਰ ਨਿਯੁਕਤੀ ਲਈ ਆਪਣਾ ਅਧਿਕਾਰ ਨਹੀਂ ਰੱਖਣਗੇ।

ਜ) ਉਮੀਦਵਾਰ ਕਾਉਂਸਲਿੰਗ ਵੇਲੇ ਆਪਣੇ ਸਾਰੇ ਅਸਲ ਵਿਦਿਅਕ/ਤਕਨੀਕੀ ਯੋਗਤਾ ਅਤੇ ਸ੍ਰੇਣੀ ਆਦਿ ਨਾਲ ਸਬੰਧਤ ਸਰਟੀਫਿਕੇਟ ਸਮੇਂ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਲਿਆਉਣਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ।

ਝ) ਉਮੀਦਵਾਰ ਵੱਲੋਂ ਉਪਲਬਧ ਕਰਵਾਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਤ ਹੋਣ ਤੇ ਉਸ ਦਾ ਨਾਂ ਮੈਰਿਟ ਸੂਚੀ ਵਿਚੋਂ ਕੱਢ ਦਿੱਤਾ ਜਾਵੇਗਾ, ਜਿਸ ਲਈ ਉਸ ਵਿਰੁਧ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਞ) ਯੋਗਤਾ ਦੀ ਬਰਾਬਰਤਾ ਵਿਵਾਦ ਦੇ ਮਾਮਲੇ ਵਿਚ ਇਸ ਉਦੇਸ਼ ਵਾਸਤੇ ਅਧੀਨ ਸੇਵਾਵਾਂ ਚੋਣ ਬੋਰਡ ਦੁਆਰਾ ਗਠਿਤ ਹਾਈ ਪਾਵਰ ਐਕਸਪਰਟ ਕਮੇਟੀ ਦੁਆਰਾ ਫੈਸਲਾ ਕੀਤਾ ਜਾਵੇਗਾ, ਜਿਸ ਦਾ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

ਤ) ਕਾਊਂਸਲਿੰਗ ਸਮੇਂ ਜੇਕਰ ਕਿਸ ਉਮੀਦਵਾਰ ਵੱਲੋਂ ਯੋਗਤਾ ਆਦਿ ਸਬੰਧੀ ਅਸਲ ਦਸਤਾਵੇਜ ਪੇਸ਼ ਨਹੀਂ ਕੀਤੇ ਜਾਂਦੇ ਤਾਂ ਉਸ ਦਾ ਨਿਯੁਕਤੀ ਲਈ ਕੋਈ ਹੱਕ ਨਹੀਂ ਹੋਵੇਗਾ ਅਤੇ ਉਸ ਤੋਂ ਜੂਨੀਅਰ ਉਮੀਦਵਾਰ ਨੂੰ ਵਿਚਾਰਦੇ ਹੋਏ ਆਸਾਮੀ ਸਬੰਧੀ ਢੁੱਕਵੀਂ ਸਿਫਾਰਸ਼ ਵਿਭਾਗ ਨੂੰ ਕਰ ਦਿੱਤੀ ਜਾਵੇਗੀ।

ਟ) ਕਾਊਂਸਲਿੰਗ ਲਈ ਆਉਣ ਵਾਲੇ ਉਮੀਦਵਾਰ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

ਡ) ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬੋਰਡ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੇ ਨੋਟਿਸਾਂ ਅਤੇ ਕਾਊਂਸਲਿੰਗ ਆਦਿ ਸਬੰਧੀ ਵੈਬਸਾਈਟ ਤੇ ਆਪ ਹੀ ਧਿਆਨ ਰੱਖਣਗੇ ਅਤੇ ਉਨ੍ਹਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ।

ਢ) ਕਿਸੇ ਵੀ ਮੱਦਦ ਲਈ ਕੰਮ ਵਾਲੇ ਸਮੇਂ ਦੌਰਾਨ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ ਟੈਲੀਫੋਨ ਨੰ:0172-2298000- **Ext.4106, 5103, 5105** ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸਹੀ/-**

ਮਿਤੀ: 25/10/2013 **ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ**